# ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ?

**taxombudsman.gov.au**

**1300 44 88 29** (ਲੋਕਲ ਕਾਲ ਦੀ ਲਾਗਤ)

**enquiries@taxombudsman.gov.au**

**GPO Box 551, Sydney NSW 2001**

**ਮੁਫ਼ਤ** ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਲਈ, **131 450** 'ਤੇ ਫ਼ੋਨ ਕਰੋ ਅਤੇ **1300 44 88 29** ਨਾਲ ਗੱਲ ਕਰਵਾਉਣ ਲਈ ਕਹੋ।

ਜੇਕਰ ਤੁਸੀਂ ਬਿਹਰੇ ਹੋ, ਸੁਣਨ ਵਿੱਚ ਦਿੱਕਤ ਹੈ, ਜਾਂ ਬੋਲਣ ਜਾਂ ਗੱਲ ਕਰਨ ਵਿੱਚ ਮੁਸ਼ਕਿਲ ਮਹਿਸੂਸ ਕਰਦੇ ਹੋ, ਤਾਂ ਮਦਦ ਲਈ ਕਿਰਪਾ ਕਰਕੇ **accesshub.gov.au** 'ਤੇ ਜਾਓ।

Tax Ombudsman



# ਕੀ ਤੁਹਾਡੀ ਕੋਈ ਟੈਕਸ ਸੰਬੰਧੀ ਸ਼ਿਕਾਇਤ ਹੈ?

ਅਸੀਂ ਆਸਟ੍ਰੇਲੀਆ ਦੀ ਟੈਕਸ ਅਤੇ ਸੁਪਰਐਨੂਏਸ਼ਨ ਪ੍ਰਣਾਲੀ ਨੂੰ ਨਿਰਪੱਖ ਬਣਾਉਣ ਵਿੱਚ ਮਦਦ ਕਰਦੇ ਹਾਂ।

ਅਸੀਂ ਆਸਟ੍ਰੇਲੀਆਨ ਟੈਕਸੇਸ਼ਨ ਆਫ਼ਿਸ (ATO) ਅਤੇ ਟੈਕਸ ਪ੍ਰੈਕਟੀਸ਼ਨਰਜ਼ ਬੋਰਡ (TPB) ਖਿਲਾਫ਼ ਆਈਆਂ ਸ਼ਿਕਾਇਤਾਂ ਦੀ ਜਾਂਚ ਕਰਦੇ ਹਾਂ ਅਤੇ ਉਹਨਾਂ ਨੂੰ ਹੱਲ ਕਰਨ ਵਿੱਚ ਮਦਦ ਕਰਦੇ ਹਾਂ।

Punjabi | ਪੰਜਾਬੀ

Tax Ombudsman



## ਸ਼ਿਕਾਇਤ ਕਿਵੇਂ ਕਰਨੀ ਹੈ?

ਸਾਡੇ ਵੱਲੋਂ ਤੁਹਾਡੀ ਮਦਦ ਕੀਤੇ ਜਾਣ ਤੋਂ ਪਹਿਲਾਂ, ਤੁਹਾਡੇ ਵੱਲੋਂ ATO ਜਾਂ TPB ਕੋਲ ਪਹਿਲਾਂ ਹੀ ਸ਼ਿਕਾਇਤ ਕੀਤੀ ਗਈ ਹੋਣੀ ਲਾਜ਼ਮੀ ਹੈ।

ਸ਼ਿਕਾਇਤ ਕਰਨ ਲਈ, **taxombudsman.gov.au** 'ਤੇ ਜਾਓ ਅਤੇ "**ਸ਼ਿਕਾਇਤ ਦਰਜ ਕਰੋ**" ਚੁਣੋ।

ਇੱਕ ਜਾਂਚ ਅਧਿਕਾਰੀ 2 ਕਾਰੋਬਾਰੀ ਦਿਨਾਂ ਦੇ ਅੰਦਰ-ਅੰਦਰ ਤੁਹਾਡੇ ਨਾਲ ਸੰਪਰਕ ਕਰੇਗਾ ਤਾਂ ਜੋ ਤੁਹਾਡੀ ਸ਼ਿਕਾਇਤ ਦੀ ਪੁਸ਼ਟੀ ਕੀਤੀ ਜਾ ਸਕੇ ਅਤੇ ਅਗਲੇ ਕਦਮਾਂ ਬਾਰੇ ਤੁਹਾਡੇ ਨਾਲ ਗੱਲ ਕੀਤੀ ਜਾ ਸਕੇ।

## ਅਸੀਂ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ?

ਜੇਕਰ ਤੁਹਾਨੂੰ ਲੱਗਦਾ ਹੈ ਕਿ ATO ਜਾਂ TPB ਨੇ ਤੁਹਾਡੇ ਨਾਲ ਪੱਖਪਾਤੀ ਜਾਂ ਗ਼ੈਰ-ਵਾਜਬ ਤਰੀਕੇ ਨਾਲ ਵਿਵਹਾਰ ਕੀਤਾ ਹੈ, ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ। ਅਸੀਂ ਹੇਠ ਲਿਖੀਆਂ ਸ਼ਿਕਾਇਤਾਂ ਵਿੱਚ ਮਦਦ ਕਰ ਸਕਦੇ ਹਾਂ:

- ਟੈਕਸ ਰਿਫੰਡ ਜਾਂ ਭੁਗਤਾਨ ਵਿੱਚ ਦੇਰੀ
- ਖ਼ਰਾਬ ਸੇਵਾ ਜਾਂ ਪੱਖਪਾਤੀ ਵਤੀਰਾ
- ਟੈਕਸ ਕਰਜ਼ੇ ਜਾਂ ਕਰਜ਼ਾ ਵਸੂਲੀ
- ਭੁਗਤਾਨ ਯੋਜਨਾਵਾਂ ਜਾਂ ਵਿਆਜ ਲਾਗੂ ਹੋਣਾ
- ਵਿੱਤੀ ਤੰਗੀ ਨਾਲ ਸੰਬੰਧਿਤ ਪ੍ਰਬੰਧ
- ਸੁਪਰਐਨੂਏਸ਼ਨ ਗਾਰੰਟੀ ਦੇ ਭੁਗਤਾਨ ਗੁੰਮ ਹੋਣਾ
- ਕੰਪਨੀ ਦੇ ਟੈਕਸ ਕਰਜ਼ੇ ਜਾਂ ਡਾਇਰੈਕਟਰ ਪੈਨਲਟੀ ਨੋਟਿਸ।

ਸਾਡੀ ਸੇਵਾ ਮੁਫ਼ਤ ਅਤੇ ਨਿਰਪੱਖ ਹੈ।

ਜੇਕਰ ਤੁਹਾਨੂੰ ਪੱਕਾ ਨਹੀਂ ਪਤਾ ਕਿ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ ਜਾਂ ਨਹੀਂ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

ਜੇਕਰ ਤੁਹਾਡਾ ਮਾਮਲਾ ਸਾਡੀ ਭੂਮਿਕਾ ਦੇ ਦਾਇਰੇ ਤੋਂ ਬਾਹਰ ਹੁੰਦਾ ਹੈ, ਤਾਂ ਅਸੀਂ ਤੁਹਾਨੂੰ ਮਦਦ ਲਈ ਠੀਕ ਸੰਸਥਾ ਵੱਲ ਭੇਜਣ ਦੀ ਕੋਸ਼ਿਸ਼ ਕਰਾਂਗੇ।

ਅਸੀਂ ਤੁਹਾਨੂੰ ਤੁਹਾਡੀ ਟੈਕਸ ਰਿਟਰਨ ਬਾਰੇ ਜਾਂ ਤੁਹਾਡੇ ਬਕਾਇਆ ਟੈਕਸ ਬਾਰੇ ਸਲਾਹ ਨਹੀਂ ਦੇ ਸਕਦੇ ਹਾਂ।